BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਮਿਊਨਿਸਿਪਲ ਚੋਣਾਂ ਦੇ ਉਮੀਦਵਾਰਾਂ ਲਈ ਸੂਚਨਾ ਸੈਸ਼ਨ ਆਯੋਜਿਤ ਕਰੇਗੀ

ਬ੍ਰੈਂਪਟਨ, ਓਨਟੈਰੀਓ (31 ਮਾਰਚ, 2022) – 2022 ਦੀਆਂ ਮਿਊਨਿਸਿਪਲ ਅਤੇ ਸਕੂਲ ਬੋਰਡ ਚੋਣਾਂ (Municipal and School Board Election) ਦੇ ਸੰਭਾਵੀ ਉਮੀਦਵਾਰਾਂ ਅਤੇ ਤੀਜੀ ਧਿਰ ਦੇ ਵਿਗਿਆਪਕਾਂ ਨੂੰ, ਮੰਗਲਵਾਰ, 12 ਅਪ੍ਰੈਲ, 2022 ਨੂੰ ਸ਼ਾਮ 7 ਵਜੇ ਤੋਂ ਰਾਤ 10 ਵਜੇ ਤੱਕ, ਜਾਣਕਾਰੀ ਸੈਸ਼ਨ ਵਿੱਚ ਸਿਟੀ ਆਫ ਬ੍ਰੈਂਪਟਨ ਨਾਲ ਜੁੜਨ ਲਈ ਸੱਦਾ ਦਿੱਤਾ ਜਾਂਦਾ ਹੈ।

ਮਿਨਿਸਟਰੀ ਆਫ ਮਿਊਨਿਸਿਪਲ ਅਫੇਅਰਸ ਐਂਡ ਹਾਊਸਿੰਗ (Ministry of Municipal Affairs and Housing) ਦੇ ਨਾਲ ਭਾਈਵਾਲੀ ਵਿੱਚ ਆਯੋਜਿਤ ਕੀਤਾ ਜਾਣ ਵਾਲਾ ਸੂਚਨਾ ਸੈਸ਼ਨ, ਬ੍ਰੈਂਪਟਨ ਸਿਟੀ ਹਾਲ (Brampton City Hall) ਵਿਖੇ ਕਾਉਂਸਿਲ ਚੈਂਬਰਸ (Council Chambers) ਵਿੱਚ ਹੋਣ ਵਾਲੀ ਹਾਈਬ੍ਰਿਡ ਵਿਅਕਤੀਗਤ ਅਤੇ ਵਰਚੁਅਲ (ਆਭਾਸੀ) ਮੀਟਿੰਗ ਹੈ।

ਇਹ ਸੈਸ਼ਨ, ਮਹੱਤਵਪੂਰਣ ਸ਼ਰਤਾਂ ਬਾਰੇ ਇੱਕ ਸਾਰ ਪ੍ਰਦਾਨ ਕਰੇਗਾ, ਜਿਹਨਾਂ ਵਿੱਚ ਸ਼ਾਮਲ ਹਨ:

- ਉਮੀਦਵਾਰ ਅਤੇ ਤੀਜੀ ਧਿਰ ਦੇ ਵਿਗਿਆਪਕ ਦੀ ਯੋਗਤਾ ਅਤੇ ਜ਼ਿੰਮੇਵਾਰੀਆਂ
- ਨਾਮਾਂਕਣ ਅਤੇ ਰਜਿਸਟਰੇਸ਼ਨ ਪ੍ਰਕਿਰਿਆ
- ਮੁਹਿੰਮ ਫਾਈਨੈਂਸ
- ਮਹੱਤਵਪੂਰਣ ਤਾਰੀਖਾਂ ਅਤੇ ਵਸੀਲੇ

ਸੈਸ਼ਨ ਕਿਸੇ ਵੀ ਉਸ ਵਿਅਕਤੀ ਲਈ ਖੁੱਲ੍ਹਾ ਹੈ, ਜੋ ਬ੍ਰੈਂਪਟਨ 2022 ਮਿਊਨਿਸਿਪਲ ਅਤੇ ਸਕੂਲ ਬੋਰਡ ਚੋਣਾਂ ਵਿੱਚ, ਉਮੀਦਵਾਰ ਦੇ ਤੌਰ ਤੇ ਚੋਣਾਂ ਲੜਨ ਜਾਂ ਤੀਜੀ ਧਿਰ ਦੇ ਵਿਗਿਆਪਕ ਵਜੋਂ ਰਜਿਸਟਰ ਕਰਨ ਬਾਰੇ ਸੋਚ ਰਿਹਾ ਹੈ। ਜਾਣਕਾਰੀ ਸੈਸ਼ਨ ਲਈ ਰਜਿਸਟਰੇਸ਼ਨ ਲਾਜ਼ਮੀ ਹੈ। ਵੈਬੈਕਸ (Webex) ਦੇ ਦੁਆਰਾ ਵਿਅਕਤੀਗਤ ਜਾਂ ਵਰਚੁਅਲੀ ਸ਼ਾਮਲ ਹੋਣ ਵਾਸਤੇ ਰਜਿਸਟਰ ਕਰਨ ਲਈ, brampton.ca/bramptonvotes ਤੇ ਜਾਓ।

**ਸੰਖੇਪ ਤੱਥ**

- ਉਮੀਦਵਾਰ ਜਾਂ ਤੀਜੀ ਧਿਰ ਦੇ ਵਿਗਿਆਪਕ ਬਣਨ ਬਾਰੇ ਜਾਣਕਾਰੀ, ਇੱਥੇ ਪ੍ਰਾਪਤ (found here) ਕੀਤੀ ਜਾ ਸਕਦੀ ਹੈ
- ਉਮੀਦਵਾਰ ਨਾਮਾਂਕਣ ਦੀ ਮਿਆਦ, 2 ਮਈ ਨੂੰ ਸ਼ੁਰੂ ਹੋ ਕੇ, 19 ਅਗਸਤ ਨੂੰ, ਦੁਪਹਿਰ ਬਾਅਦ 2 ਵਜੇ ਤੱਕ ਹੈ
- ਤੀਜੀ ਧਿਰ ਦੇ ਵਿਗਿਆਪਕ ਲਈ ਰਜਿਸਟਰੇਸ਼ਨ, 2 ਮਈ ਨੂੰ ਸ਼ੁਰੂ ਹੋ ਕੇ 21 ਅਕਤੂਬਰ ਤੱਕ ਹੋਵੇਗੀ
- ਵੋਟਿੰਗ ਡੇ (Voting Day), 24 ਅਕਤੂਬਰ ਨੂੰ ਹੈ
- ਨਾਮਾਂਕਿਤ ਉਮੀਦਵਾਰਾਂ ਅਤੇ ਰਜਿਸਟਰਡ ਤੀਜੀ ਧਿਰਾਂ ਲਈ ਅਗਲਾ ਸੂਚਨਾ ਸੈਸ਼ਨ, ਸਤੰਬਰ 2022 ਵਿੱਚ ਹੋਵੇਗਾ

**ਹਵਾਲਾ**

"ਮਿਨਿਸਟਰੀ ਆਫ ਮਿਊਨਿਸਿਪਲ ਅਫੇਅਰਸ ਐਂਡ ਹਾਊਸਿੰਗ ਵੱਲੋਂ ਆਯੋਜਿਤ ਕੀਤਾ ਜਾਣ ਵਾਲਾ ਸਿਟੀ ਦਾ ਸੂਚਨਾ ਸੈਸ਼ਨ, ਸੰਭਾਵੀ ਉਮੀਦਵਾਰਾਂ ਨੂੰ ਇਸ ਬਾਰੇ ਬਿਹਤਰ ਸਮਝ ਪ੍ਰਦਾਨ ਕਰਨ ਵਿੱਚ ਮਦਦ ਕਰੇਗਾ ਕਿ ਜੇਕਰ ਉਹ 2022 ਦੀਆਂ ਮਿਊਨਿਸਿਪਲ ਅਤੇ ਸਕੂਲ ਬੋਰਡ ਚੋਣਾਂ ਵਿੱਚ ਆਪਣਾ ਨਾਮਾਂਕਣ ਦਾਖਲ ਕਰਨ ਦੀ ਚੋਣ ਕਰਦੇ ਹਨ ਤਾਂ ਉਹਨਾਂ ਲਈ ਕੀ ਸ਼ਰਤਾਂ ਹਨ ਅਤੇ ਰਜਿਸਟਰੇਸ਼ਨ ਸ਼ਰਤਾਂ ਬਾਰੇ ਜਾਣਨ ਵਿੱਚ ਸੰਭਾਵੀ ਤੀਜੀ ਧਿਰ ਦੇ ਵਿਗਿਆਪਕਾਂ ਦੀ ਮਦਦ ਕਰੇਗਾ। ਅਸੀਂ, ਕਿਸੇ ਵੀ ਉਸ ਵਿਅਕਤੀ ਨੂੰ ਸੱਦਾ ਦਿੰਦੇ ਹਾਂ, ਜੋ ਰਜਿਸਟਰ ਕਰਨ ਬਾਰੇ ਜਾਣਨਾ ਅਤੇ ਸਾਡੇ ਨਾਲ ਜੁੜਨਾ ਚਾਹੁੰਦਾ ਹੈ।"

*- ਪੀਟਰ ਫੇ (Peter Fay), 2022 ਬ੍ਰੈਂਪਟਨ ਮਿਊਨਿਸਿਪਲ ਇਲੈਕਸ਼ਨ ਲਈ ਸਿਟੀ ਕਲਰਕ ਅਤੇ ਰਿਟਰਨਿੰਗ ਅਫਸਰ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca